# ਅੱਗੀ ਹਥਿਆਰ ਅਤੇ ਜਨਤਕ ਸੁਰੱਖਿਆ: ਖਤਰੇ ਨਾਲ ਨਜਿੱਠਣਾ

ਕੀ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਤੋਂ ਖ਼ਤਰਾ ਹੈ ਜਿਸ ਕੋਲ ਹਥਿਆਰ ਹਨ — ਜਾਂ ਕੀ ਤੁਸੀਂ ਇਸ ਬਾਰੇ ਚਿੰਤਤ ਹੋ ਕਿ ਤੁਸੀਂ ਆਪਣੇ ਕੋਲ ਮੌਜੂਦ ਹਥਿਆਰਾਂ ਨਾਲ ਕੀ ਕਰ ਸਕਦੇ ਹੋ? ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਇੱਥੇ ਕੁਝ ਵਿਕਲਪ ਦਿੱਤੇ ਗਏ ਹਨ।

## 9-1-1 'ਤੇ ਕਾਲ ਕਰਨਾ

ਐਮਰਜੈਂਸੀ ਦੀ ਸਥਿਤੀ ਵਿੱਚ ਹਮੇਸ਼ਾਂ 9-1-1 ਜਾਂ ਆਪਣੇ ਸਥਾਨਕ ਪੁਲਿਸ ਦੇ ਐਮਰਜੈਂਸੀ ਨੰਬਰ 'ਤੇ ਕਾਲ ਕਰੋ। ਪੁਲਿਸ ਕਿਸੇ ਵਿਅਕਤੀ ਦੇ ਅੱਗੀ ਹਥਿਆਰ, ਅੱਗੀ ਹਥਿਆਰਾਂ ਦੇ ਲਾਇਸੈਂਸ, ਜਾਂ ਹੋਰ ਹਥਿਆਰ ਜ਼ਬਤ ਕਰ ਸਕਦੀ ਹੈ ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਕਿਸੇ ਦੀ ਸੁਰੱਖਿਆ ਨੂੰ ਖਤਰਾ ਹੈ। ਪੁਲਿਸ ਸਥਾਨਕ ਅਦਾਲਤ ਵਿੱਚ 'ਮਨਾਹੀ ਦੇ ਹੁਕਮ' ਲਈ ਵੀ ਅਰਜ਼ੀ ਦੇ ਸਕਦੀ ਹੈ ਤਾਂ ਜੋ ਕਿਸੇ ਵਿਅਕਤੀ ਨੂੰ 5 ਸਾਲਾਂ ਤੱਕ ਅੱਗੀ ਹਥਿਆਰਾਂ ਪ੍ਰਾਪਤ ਕਰਨ ਤੋਂ ਰੋਕਿਆ ਜਾ ਸਕੇ, ਜਦੋਂ ਉਹ ਆਪਣੇ ਜਾਂ ਦੂਜਿਆਂ ਲਈ ਖਤਰਾ ਹੋ ਸਕਦੇ ਹਨ।

> ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਖੁਦਕੁਸ਼ੀ ਜਾਂ ਨਿਰਾਸ਼ਾ ਦੇ ਵਿਚਾਰਾਂ ਦਾ ਅਨੁਭਵ ਕਰ ਰਿਹਾ ਹੈ, ਤਾਂ ਤੁਸੀਂ ਸਹਾਇਤਾ ਲਈ 9-8-8 'ਤੇ ਕਾਲ ਜਾਂ ਟੈਕਸਟ ਵੀ ਕਰ ਸਕਦੇ ਹੋ। 9-8-8: Suicide Crisis Helpline (ਸੁਸਾਈਡ ਕ੍ਰਾਈਸਿਸ ਹੈਲਪਲਾਈਨ) ਪੂਰੇ ਕੈਨੇਡਾ ਵਿੱਚ, ਸਾਲ ਦੇ ਹਰ ਦਿਨ, ਦਿਨ ਦੇ 24 ਘੰਟੇ ਉਪਲਬਧ ਹੈ https://988.ca/

ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਅੱਗੀ ਹਥਿਆਰਾਂ ਦੇ ਮਾਲਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਉਹ ਸੁਣਵਾਈ ਦੌਰਾਨ ਮੌਜੂਦ ਹੋ ਸਕਦੇ ਹਨ।

# "ਰੈੱਡ ਫਲੈਗ" ਕਾਨੂੰਨ

ਤੁਸੀਂ ਜਾਂ ਤੁਹਾਡੇ ਵੱਲੋਂ ਕੋਈ ਹੋਰ ਵਿਅਕਤੀ ਸਥਾਨਕ ਅਦਾਲਤ ਵਿੱਚ 'ਐਮਰਜੈਂਸੀ ਮਨਾਹੀ ਦੇ ਹੁਕਮ' ਲਈ ਅਰਜ਼ੀ ਦੇ ਸਕਦਾ ਹੈ ਤਾਂ ਜੋ ਕਿਸੇ ਵਿਅਕਤੀ ਨੂੰ 30 ਦਿਨਾਂ ਤੱਕ ਹਥਿਆਰਾਂ ਪ੍ਰਾਪਤ ਕਰਨ ਤੋਂ ਰੋਕਿਆ ਜਾ ਸਕੇ, ਜਦੋਂ ਉਹ ਆਪਣੇ ਜਾਂ ਦੂਜਿਆਂ ਲਈ ਖਤਰਾ ਹੋ ਸਕਦੇ ਹਨ।

ਤੁਸੀਂ ਪਹੁੰਚ 'ਤੇ ਐਮਰਜੈਂਸੀ ਸੀਮਾਵਾਂ ਦੇ ਹੁਕਮ ਲਈ ਵੀ ਅਰਜ਼ੀ ਦੇ ਸਕਦੇ ਹੋ। ਇਹ 30 ਦਿਨਾਂ ਤੱਕ ਕਿਸੇ ਵਿਅਕਤੀ ਦੇ ਹਥਿਆਰ ਰੱਖਣ ਜਾਂ ਵਰਤਣ ਦੇ ਨਿਯਮ ਤੈਅ ਕਰਦਾ ਹੈ। ਇਹ ਨਿਯਮ ਕਿਸੇ ਹੋਰ ਵਿਅਕਤੀ ਨੂੰ ਉਹਨਾਂ ਤੱਕ ਪਹੁੰਚਣ ਤੋਂ ਰੋਕਣ ਵਿੱਚ ਮਦਦ ਕਰਨਗੇ ਜੇਕਰ ਉਹਨਾਂ ਨੂੰ ਅਜਿਹਾ ਕਰਨ ਤੋਂ ਮਨਾ ਕੀਤਾ ਗਿਆ ਹੋਵੇ।
ਇਸ ਪ੍ਰਕਿਰਿਆ ਦੌਰਾਨ ਤੁਹਾਡੀ ਪਛਾਣ ਦੀ ਰੱਖਿਆ ਲਈ ਕਦਮ ਚੁੱਕੇ ਜਾ ਸਕਦੇ ਹਨ।

ਐਮਰਜੈਂਸੀ ਮਨਾਹੀ ਦੇ ਹੁਕਮ ਲਈ ਅਰਜ਼ੀ ਦੇਣ ਵਾਲਿਆਂ ਦੀ ਸੁਰੱਖਿਆ ਲਈ, ਜਿਸ ਵਿਅਕਤੀ ਦੇ ਵਿਰੁੱਧ ਅਰਜ਼ੀ ਦਿੱਤੀ ਗਈ ਹੈ, ਉਸਨੂੰ ਸੂਚਿਤ ਨਹੀਂ ਕੀਤਾ ਜਾਂਦਾ ਅਤੇ ਉਹ ਸੁਣਵਾਈ ਵਿੱਚ ਹਿੱਸਾ ਨਹੀਂ ਲੈਂਦਾ। ਜੇਕਰ ਇਹਨਾਂ ਵਿੱਚੋਂ ਕੋਈ ਇੱਕ ਹੁਕਮ ਜਾਰੀ ਕੀਤਾ ਜਾਂਦਾ ਹੈ, ਤਾਂ ਜੱਜ ਲੰਬੇ ਸਮੇਂ ਦੇ ਹੁਕਮ ਲਈ ਸੁਣਵਾਈ ਦੀ ਤਾਰੀਖ ਵੀ ਤੈਅ ਕਰ ਸਕਦਾ ਹੈ।

ਵਧੇਰੀ ਜਾਣਕਾਰੀ ਲਈ, ਜਨਤਕ ਸੁਰੱਖਿਆ ਦੀ ਵੈੱਬਸਾਈਟ

(https://www.canada.ca/red-flag-laws (https://canada.ca/lois-drapeaux-rouges)
'ਤੇ ਜਾਓ ਜਾਂ ਆਪਣੀ ਸਥਾਨਕ ਅਦਾਲਤ ਨਾਲ ਸੰਪਰਕ ਕਰੋ।

# ਅੱਗੀ ਹਥਿਆਰਾਂ ਦੇ ਮਾਲਕਾਂ ਲਈ ਸੁਰੱਖਿਅਤ ਸਾਂਭ-ਸੰਭਾਲ

ਅੱਗੀ ਹਥਿਆਰਾਂ ਦੇ ਸਾਰੇ ਮਾਲਕਾਂ ਲਈ ਦੁਰਘਟਨਾਵਾਂ, ਗੁੰਮ ਹੋਣ ਅਤੇ ਚੋਰੀ ਨੂੰ ਰੋਕਣ ਲਈ ਹਥਿਆਰਾਂ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨਾ ਲਾਜ਼ਮੀ ਹੈ। ਕੈਨੇਡੀਅਨ ਫਾਇਰਆਰਮਜ਼ ਪ੍ਰੋਗਰਾਮ (Canadian Firearms Program) ਅੱਗੀ ਹਥਿਆਰਾਂ ਦੀ ਸੁਰੱਖਿਅਤ ਅਤੇ ਮਹਿਫੂਜ਼ ਸਾਂਭ-ਸੰਭਾਲ ਦੀਆਂ ਲੋੜਾਂ ਬਾਰੇ ਵੇਰਵੇ ਪ੍ਰਦਾਨ ਕਰਦਾ ਹੈ:

https://rcmp.ca/en/firearms/firearms-safety-training-transport-and-storage
(https://grc.ca/fr/armes-feu/securite-formation-transport-et-entreposage-armes-feu)

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਲਈ ਜਾਂ ਦੂਜਿਆਂ ਲਈ ਸੁਰੱਖਿਆ ਦਾ ਖਤਰਾ ਬਣ ਸਕਦੇ ਹੋ, ਤਾਂ ਤੁਸੀਂ ਆਪਣੇ ਅੱਗੀ ਹਥਿਆਰ ਅਸਥਾਈ ਤੌਰ 'ਤੇ ਕਿਸੇ ਹੋਰ ਲਾਇਸੈਂਸ-ਸ਼ੁਦਾ ਅੱਗੀ ਹਥਿਆਰ ਮਾਲਕ ਜਾਂ ਕਾਰੋਬਾਰ ਕੋਲ ਸਟੋਰ ਕਰ ਸਕਦੇ ਹੋ। ਅੱਗੀ ਹਥਿਆਰਾਂ ਨੂੰ ਸਟੋਰ ਕਰਨ ਵਾਲੇ ਵਿਅਕਤੀ ਜਾਂ ਕਾਰੋਬਾਰ ਕੋਲ ਉਸ ਕਿਸਮ ਦੇ ਅੱਗੀ ਹਥਿਆਰ ਲਈ ਲਾਇਸੈਂਸ ਹੋਣਾ ਚਾਹੀਦਾ ਹੈ ਅਤੇ ਇਸਦੇ ਲਈ ਢੁਕਵੀਂ ਸਟੋਰੇਜ ਜਗ੍ਹਾ ਹੋਣੀ ਚਾਹੀਦੀ ਹੈ।ਪਾਬੰਦੀਸ਼ੁਦਾ ਅਤੇ ਵਰਜਿਤ ਅੱਗੀ ਹਥਿਆਰਾਂ ਨੂੰ ਕੁਝ ਵਾਧੂ ਕਦਮ ਚੁੱਕ ਕੇ ਇਸ ਮਕਸਦ ਲਈ ਅਸਥਾਈ ਸਟੋਰੇਜ ਸਥਾਨਾਂ 'ਤੇ ਲਿਜਾਇਆ ਜਾ ਸਕਦਾ ਹੈ। ਤੁਹਾਨੂੰ ਟ੍ਰਾਂਸਪੋਰਟ ਕਰਨ ਦਾ ਅਧਿਕਾਰ ਪੱਤਰ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਹਰ ਸਮੇਂ ਅੱਗੀ ਹਥਿਆਰਾਂ ਦੇ ਨਾਲ ਰਜਿਸਟ੍ਰੇਸ਼ਨ ਸਰਟੀਫਿਕੇਟ ਰੱਖਣੇ ਚਾਹੀਦੇ ਹਨ।

## ਵਧੇਰੀ ਜਾਣਕਾਰੀ ਲਈ ਜਾਂ ਹੋਰ ਚਿੰਤਾਵਾਂ ਦੀ ਰਿਪੋਰਟ ਕਰਨ ਲਈ

ਵਧੇਰੀ ਜਾਣਕਾਰੀ ਲਈ ਜਾਂ ਹਥਿਆਰਾਂ ਨਾਲ ਸਬੰਧਤ ਹੋਰ ਚਿੰਤਾਵਾਂ, ਜਿਨ੍ਹਾਂ ਵਿੱਚ ਸਟੋਰੇਜ, ਟ੍ਰਾਂਸਪੋਰਟੇਸ਼ਨ, ਵਰਤੋਂ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ, ਦੀ ਰਿਪੋਰਟ ਕਰਨ ਲਈ ਕੈਨੇਡੀਅਨ ਫਾਇਰਆਰਮਜ਼ ਪ੍ਰੋਗਰਾਮ (Canadian Firearms Program) ਨਾਲ 1-800-731-4000 'ਤੇ ਜਾਂ ਈਮੇਲ ਰਾਹੀਂ cfp-pcaf@rcmp-grc.gc.ca 'ਤੇ ਸੰਪਰਕ ਕਰੋ।

ਇੱਕ ਪਹੁੰਚਯੋਗ, ਡਿਜੀਟਲ ਫਾਰਮੈਟ ਵਿੱਚ ਆਨਲਾਈਨ ਵੀ ਉਪਲਬਧ ਹੈ:

https://www.publicsafety.gc.ca/cnt/rsrcs/pblctns/rd-flg-ddrss-rsk/index-en.aspx (https://www.securitepublique.gc.ca/cnt/rsrcs/pblctns/rd-flg-ddrss-rsk/index-fr.aspx)

© ਹਿਜ਼ ਮੈਜੇਸਟੀ ਦਾ ਕਿੰਗ ਇਨ ਰਾਈਟ ਆਫ਼ ਕੈਨੇਡਾ, ਜਨਤਕ ਸੁਰੱਖਿਆ ਅਤੇ ਐਮਰਜੈਂਸੀ ਦੀ ਤਿਆਰੀ (Public Safety and Emergency Preparedness) ਦੇ ਮੰਤਰੀ ਦੁਆਰਾ ਪ੍ਰਤੀਨਿਧਤਾ, 2026.

ਮਾਰਚ 2026 ਕੈਟਾਲਾਗ ਨੰ. PS4-334/1-2025Pan-PDF ISBN 978-0-660-98334-9